Surrey Schools
LEADERSHIP IN LEARNING

Tel: 604.596.7733
www.surreyschools.ca

# ਹਸਪਤਾਲ ਜਾਂ ਘਰ ਵਿੱਚ ਪੜ੍ਹਾਈ ਦਾ ਪ੍ਰੋਗਰਾਮ

(Hospital Homebound Program)

## ਹਸਪਤਾਲ/ਘਰ ਵਿੱਚ ਪੜ੍ਹਾਈ ਦਾ ਪ੍ਰੋਗਰਾਮ ਕੀ ਹੈ?

ਸਰੀ ਹਸਪਤਾਲ/ਘਰ ਵਿੱਚ ਪੜ੍ਹਾਈ ਕਰਾਉਣ ਵਾਲੇ ਟੀਚਰ ਸਾਰੇ ਗ੍ਰੇਡਾਂ ਦੇ ਉਨ੍ਹਾਂ ਵਿਦਿਆਰਥੀਆਂ ਨੂੰ ਪੜ੍ਹਾਈ ਕਰਾਉਂਦੇ ਹਨ, ਜਿਹੜੇ ਵਿਦਿਆਰਥੀ ਮੈਡੀਕਲ ਕਾਰਨਾਂ ਕਰਕੇ ਸਕੂਲ ਨਹੀਂ ਆ ਸਕਦੇ। ਪ੍ਰੋਗਰਾਮ ਦਾ ਮਕਸਦ ਇਹ ਹੈ ਕਿ ਵਿਦਿਆਰਥੀ ਆਪਣੀ ਪੜ੍ਹਾਈ ਵਿੱਚ ਜਿੰਨਾ ਸੰਭਵ ਹੋ ਸਕੇ ਉਨਾ ਘੱਟ ਵਿਘਨ ਪਾਏ ਬਗੈਰ ਆਪਣੀ ਆਮ ਕਲਾਸ ਵਿੱਚ ਪਰਤ ਸਕਣ। ਇਸ ਪੜ੍ਹਾਈ ਦਾ ਪ੍ਰਬੰਧ ਸਰੀ ਮੈਮੋਰੀਅਲ ਹਸਪਤਾਲ ਅਤੇ ਪੀਸ ਆਰਚ ਹਸਪਤਾਲ ਵਿੱਚ ਜਾਂ ਵਿਦਿਆਰਥੀ ਦੇ ਘਰ ਵਿੱਚ ਹੋ ਸਕਦਾ ਹੈ।

## ਵਿਦਿਆਰਥੀ ਇਸ ਪ੍ਰੋਗਰਾਮ ਲਈ ਕਦੋਂ ਹੱਕਦਾਰ ਹੈ?



ਸਰੀ ਪਬਲਿਕ ਸਕੂਲ ਵਿੱਚ ਰਜਿਸਟਰਡ ਵਿਦਿਆਰਥੀਆਂ ਨੂੰ ਉਸ ਸਮੇਂ ਹਸਪਤਾਲ/ਘਰ ਵਿੱਚ ਪੜ੍ਹਾਈ ਦੇ ਪ੍ਰੋਗਰਾਮ ਲਈ ਭੇਜਿਆ ਜਾ ਸਕਦਾ ਹੈ, ਜਦੋਂ ਉਨ੍ਹਾਂ ਵੱਲੋਂ ਪੰਜ ਜਾਂ ਜ਼ਿਆਦਾ ਦਿਨਾਂ ਲਈ ਗੈਰਹਾਜ਼ਰ ਹੋਣ ਦਾ ਅਨੁਮਾਨ ਹੋਵੇ। ਇਸ ਪ੍ਰੋਗਰਾਮ ਲਈ ਉਨ੍ਹਾਂ ਦਾ ਨਾਂ ਪ੍ਰਿੰਸੀਪਲ, ਟੀਚਰ, ਕਾਊਂਸਲਰ, ਹਾਜ਼ਰੀ ਲੈਣ ਵਾਲੀ ਸੈਕਟਰੀ, ਮਾਪੇ, ਡਾਕਟਰ ਜਾਂ ਨਰਸ ਵੱਲੋਂ ਦਿੱਤਾ ਜਾ ਸਕਦਾ ਹੈ। ਇਸ ਪ੍ਰੋਗਰਾਮ ਲਈ ਨਾਂ ਦੇਣ ਦੇ ਕੁੱਝ ਕਾਰਨਾਂ ਵਿੱਚ ਅੱਗੇ ਦਿੱਤੇ ਕਾਰਨ ਸ਼ਾਮਲ ਹਨ: ਸਰਜਰੀ, ਐਕਸੀਡੈਂਟ, ਇਨਫੈਕਸ਼ਨ, ਬੀਮਾਰੀਆਂ, ਆਂਤੜੀਆਂ ਦੀਆਂ ਸਮੱਸਿਆਵਾਂ, ਕੈਂਸਰ, ਸਾਹ ਨਾਲ ਸੰਬੰਧਿਤ ਸਮੱਸਿਆਵਾਂ, ਗਰਭ, ਜਜ਼ਬਾਤੀ ਸਮੱਸਿਆਵਾਂ, ਮਨੋਵਿਗਿਆਨਕ ਬੀਮਾਰੀਆਂ ਅਤੇ ਇਮਿਊਨ ਡੈਫੀਸ਼ੈਂਸੀ (ਬੀਮਾਰੀਆਂ ਨਾਲ ਲੜਨ ਵਾਲੇ ਪ੍ਰਬੰਧ ਦੀ ਕਮਜ਼ੋਰੀ) ਨਾਲ ਸੰਬੰਧਿਤ ਸਮੱਸਿਆਵਾਂ।

ਹਸਪਤਾਲ ਵਿੱਚ ਥੋੜ੍ਹੇ ਸਮੇਂ ਲਈ ਜਾਂ ਲੰਬੇ ਸਮੇਂ ਲਈ ਦਾਖਲ ਹੋਣ ਵਾਲੇ ਵਿਦਿਆਰਥੀਆਂ ਦਾ ਇਸ ਪ੍ਰੋਗਰਾਮ ਲਈ ਨਾਂ ਹਸਪਤਾਲ ਵਿੱਚ ਦਾਖਲ ਹੋਣ ਸਮੇਂ ਦਿੱਤਾ ਜਾ ਸਕਦਾ ਹੈ।

## ਵਿਦਿਆਰਥੀਆਂ ਨੂੰ ਕੀ ਕੰਮ ਦਿੱਤਾ ਜਾਂਦਾ ਹੈ?

ਦਿੱਤੇ ਜਾਣ ਵਾਲੇ ਕੰਮ ਬਾਰੇ ਜਾਣਨ ਲਈ ਹਸਪਤਾਲ/ਘਰ ਵਿੱਚ ਪੜ੍ਹਾਈ ਕਰਾਉਣ ਵਾਲਾ ਟੀਚਰ ਵਿਦਿਆਰਥੀ ਦੇ ਕਲਾਸ ਦੇ ਟੀਚਰ ਨਾਲ ਸੰਪਰਕ ਕਰਦਾ ਹੈ ਅਤੇ ਫਿਰ ਵਿਦਿਆਰਥੀ ਨੂੰ ਹਸਪਤਾਲ ਜਾਂ ਘਰ ਵਿੱਚ ਪੜ੍ਹਾਉਣ ਲਈ ਸਮਾਂ ਨਿਸ਼ਚਿਤ ਕਰਦਾ ਹੈ। ਕੁੱਝ ਹਾਲਤਾਂ ਵਿੱਚ ਬੀਮਾਰੀ, ਸੱਟ ਜਾਂ ਦਵਾਈਆਂ ਦੇ ਅਸਰਾਂ ਨੂੰ ਧਿਆਨ ਵਿੱਚ ਰੱਖਦਿਆਂ, ਹਸਪਤਾਲ/ਘਰ ਵਿੱਚ ਪੜ੍ਹਾਉਣ ਵਾਲਾ ਟੀਚਰ ਕਲਾਸ ਦੇ ਟੀਚਰ ਦੀ ਸਲਾਹ ਨਾਲ ਦਿੱਤੇ ਜਾਣ ਵਾਲੇ ਕੰਮ ਵਿੱਚ ਤਬਦੀਲੀ ਕਰ ਸਕਦਾ ਹੈ। ਫਿਰ ਵਿਦਿਆਰਥੀ ਦਿੱਤੇ ਗਏ ਕੰਮ ਨੂੰ ਉਸ ਤਰ੍ਹਾਂ ਹੀ ਕਰਨਗੇ ਜਿਸ ਤਰ੍ਹਾਂ ਉਹ ਸਕੂਲ ਵਿੱਚ ਆਪਣੀਆਂ ਆਮ ਕਲਾਸਾਂ ਦੌਰਾਨ ਕਿਤਾਬਾਂ, ਵਰਕਸ਼ੀਟਾਂ, ਵਰਕਬੁੱਕਾਂ ਅਤੇ ਆਪਣੀ ਕਲਾਸ ਦੇ ਟੀਚਰਾਂ ਵੱਲੋਂ ਦਿੱਤੀਆਂ ਐਕਸਰਸਾਈਜ਼ਾਂ ਦੀ ਵਰਤੋਂ ਕਰਦਿਆਂ ਕਰਦੇ ਹਨ।